# ਜੀਵਨ- ਉਦੇਸ਼

**ਵਿਦਿਅਕ, ਰੁਜ਼ਗਾਰ ਅਤੇ ਸਮਾਜਿਕ ਸੇਵਾਵਾਂ ਮੁਹੱਈਆ ਕਰਵਾ ਕੇ ਵਿਭਿੰਨ ਭਾਈਚਾਰਿਆਂ ਵਾਲੇ ਲੋਕਾਂ ਨੂੰ ਸਫਲ ਹੋਣ ਅਤੇ ਆਪਣੀ ਪੂਰੀ ਸਮਰੱਥਾ ਹਾਸਲ ਕਰਨ ਦੇ ਯੋਗ ਬਣਾਉਣਾ।**

# ਸਾਡਾ ਸੁਪਨਾ

ਹਰੇਕ ਵਿਅਕਤੀ ਦੀ ਸਫਲਤਾ 'ਤੇ ਅਧਾਰਤ, ਖ਼ੁਸ਼ਹਾਲ ਅਤੇ ਸਭ ਨੂੰ ਸ਼ਾਮਲ ਕਰਨ ਵਾਲਾ ਕੈਨੇਡਾ।

# ਆਦਰਸ਼

### ਅਗਵਾਈ

- ਅਸੀਂ ਆਪਣੇ ਭਾਈਚਾਰੇ ਵਿੱਚ ਸਕਾਰਾਤਮਕ ਤਬਦੀਲੀ ਦੇ ਹੱਕ ਵਿੱਚ ਖੜ੍ਹੇ ਹੁੰਦੇ ਹਾਂ ਅਤੇ ਕਾਰਵਾਈ ਕਰਦੇ ਹਾਂ।

### ਵਿਭਿੰਨਤਾ

- ਅਸੀਂ ਹਰੇਕ ਵਿਅਕਤੀ ਦੀਆਂ ਭਿੰਨਤਾਵਾਂ ਅਤੇ ਵਿਲੱਖਣ ਯੋਗਦਾਨਾਂ ਨੂੰ ਅਹਿਮਤੀਅਤ ਦਿੰਦੇ ਹਾਂ ਅਤੇ ਸਤਿਕਾਰ ਕਰਦੇ ਹਾਂ।

### ਸਮਰੱਥ ਬਣਾਉਣਾ

- ਅਸੀਂ ਹਰੇਕ ਵਿਅਕਤੀ ਦੀ ਸਮਰੱਥਾ ਨੂੰ ਸਵੀਕਾਰ ਕਰਦੇ ਹਾਂ ਅਤੇ ਉਸ ਦੇ ਵਾਧੇ ਅਤੇ ਸਵੈ-ਨਿਰਭਰਤਾ ਨੂੰ ਸੁਖਾਲਾ ਬਣਾਉਂਦੇ ਹਾਂ।

### ਹਮਦਰਦੀ

- ਅਸੀਂ ਇੱਕ-ਦੂਜੇ ਦੀ ਸਹਾਇਤਾ ਕਰਦੇ ਹਾਂ ਅਤੇ ਪਰਵਾਹ ਕਰਦੇ ਹਾਂ।

### ਉੱਤਮਤਾ

- ਅਸੀਂ ਜੋ ਕੁਝ ਵੀ ਕਰਦੇ ਹਾਂ ਉਸ ਦੇ ਉੱਚ ਮਿਆਰਾਂ ਲਈ ਵਚਨਬੱਧ ਹਾਂ।

### ਨਵੀਨਤਾ

- ਅਸੀਂ ਤਬਦੀਲੀ ਨੂੰ ਅਪਣਾਉਂਦੇ ਹਾਂ, ਨਿਰੰਤਰ ਸੁਧਾਰ ਦਾ ਸਮਰਥਨ ਕਰਦੇ ਹਾਂ ਅਤੇ ਨਵੇਂ ਸਮਾਧਾਨਾਂ ਨੂੰ ਉਤਸ਼ਾਹਿਤ ਕਰਦੇ ਹਾਂ।

### ਜਵਾਬਦੇਹੀ

- ਅਸੀਂ ਉਹ ਕਰਦੇ ਹਾਂ ਜਿਸ ਬਾਰੇ ਅਸੀਂ ਕਹਿੰਦੇ ਹਾਂ ਕਿ ਅਸੀਂ ਇਹ ਕਰਾਂਗੇ।

# COSTI ਦੇ ਬਾਰੇ

1952 ਤੋਂ ਵਿਭਿੰਨਤਾ ਭਰੇ ਸਮਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲੀ **COSTI ਇਮੀਗ੍ਰੇਸ਼ਨ ਸਰਵਿਸਿਜ਼** ਇੱਕ ਭਾਈਚਾਰਾ ਅਧਾਰਤ ਬਹੁ-ਸਭਿਆਚਾਰਕ ਏਜੰਸੀ ਹੈ ਜੋ ਸਾਰੇ ਇਮੀਗ੍ਰੈਂਟ ਭਾਈਚਾਰਿਆਂ, ਨਵੇਂ ਕੈਨੇਡਾ ਵਾਸੀਆਂ ਅਤੇ ਸਹਾਇਤਾ ਦੀ ਲੋੜ ਵਾਲੇ ਵਿਅਕਤੀਆਂ ਨੂੰ ਰੁਜ਼ਗਾਰ, ਵਿਦਿਅਕ, ਵੱਸਣ ਸੰਬੰਧੀ ਅਤੇ ਸਮਾਜਿਕ ਸੇਵਾਵਾਂ ਮੁਹੱਈਆ ਕਰਦੀ ਹੈ।

COSTI ਯੋਜਨਾਬੰਦੀ, ਵਿਕਾਸ ਅਤੇ ਸੇਵਾਵਾਂ ਦੀ ਪ੍ਰਦਾਨਗੀ ਵਿੱਚ ਗਾਹਕ-ਕੇਂਦਰਤ, ਅਤਿ-ਸਰਗਰਮ, ਅਤੇ ਨਵੀਂ ਕਾਢ ਦੇ ਰਵੱਈਏ ਦੀ ਵਰਤੋਂ ਰਾਹੀਂ ਭਾਈਚਾਰਕ ਸੇਵਾ ਵਿੱਚ ਆਗੂ ਬਣਨ ਦੀ ਕੋਸ਼ਿਸ਼ ਕਰਦੀ ਹੈ। ਸਾਡੇ ਪ੍ਰੋਗਰਾਮ ਇਹ ਯਕੀਨੀ ਬਣਾਉਂਦੇ ਹਨ ਕਿ ਭਾਸ਼ਾਈ ਜਾਂ ਸਭਿਆਚਾਰਕ ਰੁਕਾਵਟਾਂ ਵੱਲ ਧਿਆਨ ਦਿੱਤੇ ਬਿਨਾਂ, ਕੈਨੇਡਾ ਪਹੁੰਚਣ ਵਾਲੇ ਲੋਕ ਜਾਣਕਾਰੀ ਪ੍ਰਾਪਤ ਕਰ ਸਕਣ, ਆਪਣੇ ਮੌਜੂਦਾ ਹੁਨਰਾਂ ਦੀ ਵਰਤੋਂ ਕਰ ਸਕਣ ਅਤੇ ਅਜਿਹੇ ਨਵੇਂ ਹੁਨਰ ਸਿੱਖ ਸਕਣ ਜੋ ਕੈਨੇਡੀਅਨ ਸਮਾਜ ਦੇ ਸਾਰੇ ਪੱਖਾਂ ਵਿੱਚ ਉਹਨਾਂ ਦੀ ਵਿਆਪਕ ਤੌਰ 'ਤੇ ਗਹਿਰਾਈ ਨਾਲ ਜੁੜਨ ਦੀ ਯੋਗਤਾ ਵਿੱਚ ਤੇਜ਼ੀ ਲਿਆਉਂਦੇ ਹੋਣ।

ਟੋਰੋਂਟੋ, ਯੌਰਕ ਰੀਜਨ ਅਤੇ ਰੀਜਨ ਆਫ਼ ਪੀਲ ਵਿੱਚ 18 ਥਾਂਵਾਂ ਤੋਂ ਕੰਮ ਕਰਦੇ ਹੋਏ COSTI 60 ਤੋਂ ਵੀ ਵੱਧ ਭਾਸ਼ਾਵਾਂ ਵਿੱਚ ਸੇਵਾਵਾਂ ਮੁਹੱਈਆ ਕਰਦੀ ਹੈ। ਅਸੀਂ 39,000 ਤੋਂ ਵੀ ਜ਼ਿਆਦਾ ਵਿਅਕਤੀਆਂ ਦੀ ਸਹਾਇਤਾ ਪ੍ਰਾਪਤ ਕਰਨ ਵਿੱਚ ਮਦਦ ਕਰਦੇ ਹਾਂ।

ਸੇਵਾਵਾਂ ਅਤੇ ਪ੍ਰੋਗਰਾਮਾਂ ਵਿੱਚ ਸ਼ਾਮਲ ਹਨ:

- ਅੰਤਰਾਸ਼ਟਰੀ ਪੱਧਰ 'ਤੇ ਸਿਖਲਾਈ ਪ੍ਰਾਪਤ ਵਿਅਕਤੀਆਂ ਲਈ ਵਿਸ਼ੇਸ਼ੀਕ੍ਰਿਤ ਰੁਜ਼ਗਾਰ ਸੇਵਾਵਾਂ ਦੇ ਨਾਲ-ਨਾਲ ਢੁਕਵੀਆਂ ਸੇਵਾਵਾਂ ਲਈ ਜਾਣਕਾਰੀ ਅਤੇ ਰੈਫਰਲ, ਰੁਜ਼ਗਾਰ ਲਈ ਮੁਲਾਂਕਣ ਅਤੇ ਕਾਉਂਸਲਿੰਗ, ਕੰਮ ਵਿੱਚ ਪਲੇਸਮੈਂਟ, ਨੌਕਰੀ ਦੀ ਭਾਲ ਕਰਨ ਲਈ ਸਿਖਲਾਈ ਅਤੇ ਬਾਲਗਾਂ ਅਤੇ ਨੌਜਵਾਨਾਂ ਨੂੰ ਕੰਮ ਕਰਨ ਲਈ ਤਿਆਰ ਕਰਨਾ।
- ਅੰਗਰੇਜ਼ੀ ਭਾਸ਼ਾ (ESL ਅਤੇ LINC) ਵਿੱਚ ਮਹਾਰਤਾਂ ਦੀ ਸਿਖਲਾਈ ਅਤੇ ਜ਼ਿਆਦਾ ਉੱਚੇ ਦਰਜੇ ਦੀ ਭਾਸ਼ਾਈ ਸਿਖਲਾਈ (ELT) ਦੇ ਪ੍ਰੋਗਰਾਮ।
- ਸੈਟਲਮੈਂਟ ਸੇਵਾਵਾਂ ਵਿੱਚ ਹਾਲ ਹੀ ਵਿੱਚ ਪਹੁੰਚੇ ਪ੍ਰਵਾਸੀਆਂ ਲਈ ਸ਼ੁਰੂਆਤੀ ਜਾਣ-ਪਛਾਣ, ਜਾਣਕਾਰੀ, ਕਾਉਂਸਲਿੰਗ ਅਤੇ ਸਭਿਆਚਾਰਕ ਵਿਆਖਿਆ ਸ਼ਾਮਲ ਹੈ।
- ਵਸ ਚੁੱਕੇ ਉਹਨਾਂ ਪ੍ਰਵਾਸੀਆਂ ਲਈ ਵਸਣ ਤੋਂ ਬਾਅਦ ਵਾਲੀ ਸਹਾਇਤਾ ਜਿਨ੍ਹਾਂ ਨੂੰ ਲਗਾਤਾਰ ਸਮਾਜਿਕ ਅਤੇ ਸਰਕਾਰੀ ਸੇਵਾਵਾਂ ਦੀ ਲੋੜ ਪੈਂਦੀ ਹੈ।
- ਸਰਕਾਰੀ-ਸਹਾਇਤਾ ਪ੍ਰਾਪਤ ਸ਼ਰਣਾਰਥੀਆਂ, ਸ਼ਰਣਾਰਥੀ ਦਾਅਵੇਦਾਰਾਂ ਅਤੇ ਨਿੱਜੀ ਤੌਰ 'ਤੇ ਪ੍ਰਾਯੋਜਿਤ ਸ਼ਰਣਾਰਥੀਆਂ ਲਈ ਰਿਹਾਇਸ਼ ਅਤੇ ਸੈਟਲਮੈਂਟ ਸੰਬੰਧੀ ਸਹਾਇਤਾ।
- ਪਰਿਵਾਰਕ ਕਾਉਂਸਲਿੰਗ ਅਤੇ ਮਾਨਸਿਕ ਸਿਹਤ ਸੇਵਾਵਾਂ।
- ਘਰ-ਨਿਕਾਲੇ ਦਾ ਸਾਹਮਣਾ ਕਰਨ ਵਾਲੇ, ਜਾਂ ਸੀਮਤ ਰਿਹਾਇਸ਼ ਵਿੱਚ ਰਹਿਣ ਵਾਲੇ ਪਰਿਵਾਰਾਂ ਲਈ ਰਿਹਾਇਸ਼ ਸੰਬੰਧੀ ਸਹਾਇਤਾ।
- ਇਮੀਗ੍ਰੈਂਟ ਔਰਤਾਂ ਦੀਆਂ ਜ਼ਿੰਦਗੀਆਂ ਵਿੱਚ ਰੁਕਾਵਟਾਂ 'ਤੇ ਕਾਬੂ ਪਾਉਣ ਅਤੇ ਮੌਕਿਆਂ ਤੱਕ ਪਹੁੰਚਣ ਵਿੱਚ ਉਹਨਾਂ ਦੀ ਸਹਾਇਤਾ।
- ਬਜ਼ੁਰਗਾਂ ਦੀਆਂ ਲੋੜਾਂ ਮੁਤਾਬਕ ਖਾਸ ਸੇਵਾਵਾਂ ਤਾਂ ਜੋ ਤਸੱਲੀਬਖਸ਼ ਅਤੇ ਸਵੈ-ਮਾਣ ਵਾਲੀ ਜ਼ਿੰਦਗੀ ਜਿਊਣ ਵਿੱਚ ਉਹਨਾਂ ਦੀ ਮਦਦ ਕੀਤੀ ਜਾ ਸਕੇ।
- ਅਨੁਵਾਦ ਅਤੇ ਦੁਭਾਸ਼ੀਆ ਸੇਵਾਵਾਂ।

# ਇਤਿਹਾਸ ਜਾਰੀ ਹੈ

1952 ਤੋਂ COSTI ਲੋੜਵੰਦ ਲੋਕਾਂ ਲਈ ਹਾਜ਼ਰ ਰਹੀ ਹੈ। ਟੋਰੋਂਟੋ ਵਿੱਚ ਹਾਲੀਆ ਪ੍ਰਵਾਸੀਆਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ COSTI (ਉਸ ਸਮੇਂ Italian Immigrant Aid Society) ਦੀ ਸਥਾਪਨਾ 1952 ਵਿੱਚ ਕੀਤੀ ਗਈ ਸੀ। ਇਹਨਾਂ ਦਹਾਕਿਆਂ ਦੌਰਾਨ ਸ਼ਹਿਰ ਵਿੱਚ ਤਬਦੀਲੀ ਆਈ ਹੈ, ਇਸ ਲਈ COSTI ਦੀਆਂ ਪ੍ਰਤਿਕਿਰਿਆਵਾਂ ਵਿੱਚ ਵੀ ਤਬਦੀਲੀ ਆਈ ਹੈ।

COSTI ਦੀ ਸ਼ੁਰੂਆਤ 1981 ਵਿੱਚ ਦੋ ਵੱਡੀਆਂ ਸੇਵਾ ਏਜੰਸੀਆਂ ਦੇ ਏਕੀਕਰਨ ਨਾਲ ਹੋਈ, COSTI (ਉਸ ਤੋਂ ਪਹਿਲਾਂ Centro Organizzativo Scuole Tecniche Italiane) ਅਤੇ IIAS (Italian Immigrant Aid Society); ਜਿਨ੍ਹਾਂ ਦੋਵਾਂ ਦਾ ਇਮੀਗ੍ਰੈਂਟ ਭਾਈਚਾਰੇ ਵਿੱਚ ਸੇਵਾ ਦਾ ਲੰਬਾ ਅਤੇ ਮਾਣ ਭਰਿਆ ਇਤਿਹਾਸ ਰਿਹਾ ਸੀ।

COSTI ਇੱਕ ਬਹੁ-ਸਭਿਆਚਾਰਕ ਸੰਗਠਨ ਹੈ ਜਿਸ ਨੇ ਹਮੇਸ਼ਾ ਭਾਈਚਾਰੇ ਅੰਦਰ ਪੈਦਾ ਹੋਣ ਵਾਲੀਆਂ ਖਾਸ ਲੋੜਾਂ ਲਈ ਵੱਖ-ਵੱਖ ਤਰ੍ਹਾਂ ਦੀਆਂ ਸੇਵਾਵਾਂ ਅਤੇ ਮੌਕਿਆਂ ਦੀ ਪੇਸ਼ਕਸ਼ ਕੀਤੀ ਹੈ। ਇਸ ਕੋਲ ਟੋਰੋਂਟੋ, ਅਤੇ ਰੀਜਨ ਆਫ਼ ਪੀਲ ਅਤੇ ਯੌਰਕ ਵਿੱਚ ਵਿਆਪਕ ਅਤੇ ਬੇਹੱਦ ਵਿਭਿੰਨਤਾ ਭਰੇ ਚੋਣ-ਖੇਤਰ ਦਾ ਮਜ਼ਬੂਤ ਸਮਰਥਨ ਹੈ। COSTI ਸੰਸਥਾ ਦੇ ਰੂਪ ਵਿੱਚ ਵਿਕਸਿਤ ਹੋਈ ਹੈ ਜੋ ਅੱਜ ਇਸ ਮੁਕਾਮ 'ਤੇ ਹੈ ਕਿਉਂਕਿ ਇਸਦੇ ਸਵੈ-ਇੱਛੁਕ ਆਗੂਆਂ ਅਤੇ ਹਮਦਰਦ ਸਟਾਫ ਨੇ ਤਬਦੀਲੀ ਲਿਆਉਣ ਲਈ ਮਜ਼ਬੂਤ ਵਚਨਬੱਧਤਾ ਨਾਲ ਕੰਮ ਕੀਤਾ ਹੈ।

### 1950 ਦਾ ਦਹਾਕਾ - ਹੋਰਨਾਂ ਲੋਕਾਂ ਦੀ ਸਹਾਇਤਾ ਕਰਨ ਦੀ ਰਵਾਇਤ ਸਥਾਪਤ ਕਰਨੀ

1952 ਵਿੱਚ ਬਣੀ, IIAS ਇੱਕ ਅਜਿਹੀ ਸੰਸਥਾ ਵੱਜੋਂ ਉਭਰੀ ਜਿਸ ਦਾ ਮੁੱਖ ਉਦੇਸ਼ ਇਟਲੀ ਤੋਂ ਨਵੇਂ ਆਉਣ ਵਾਲਿਆਂ ਲੋਕਾਂ ਨੂੰ ਜ਼ਿੰਦਗੀ ਦੀ ਮੁਢਲੀਆਂ ਲੋੜਾਂ ਮੁਹੱਈਆ ਕਰਨਾ ਸੀ। ਟੋਰੋਂਟੋ ਵਿਚ ਯੂਨੀਅਨ ਸਟੇਸ਼ਨ 'ਤੇ ਇਮੀਗ੍ਰੈਂਟਾਂ ਨੂੰ ਮਿਲ ਕੇ, IIAS ਕਰਮਚਾਰੀ ਰਿਹਾਇਸ਼ ਅਤੇ ਰੁਜ਼ਗਾਰ ਵਿੱਚ ਉਹਨਾਂ ਦੀ ਸਹਾਇਤਾ ਕਰਦੇ ਸੀ, ਅਤੇ ਇਸ ਤੋਂ ਬਾਅਦ ਇਹਨਾਂ ਨਵੇਂ ਆਉਣ ਵਾਲੇ ਲੋਕਾਂ ਨੂੰ ਆਪਣੇ ਇਸ ਨਵੇਂ ਦੇਸ਼ ਵਿੱਚ ਜ਼ਿਆਦਾ ਅਰਾਮਦੇਹ ਮਹਿਸੂਸ ਕਰਨ ਵਿੱਚ ਮਦਦ ਲਈ ਉਹਨਾਂ ਵਾਸਤੇ ਮੁਢਲੀ ਜਾਣ-ਪਛਾਣ ਅਤੇ ਕਾਉਂਸਲਿੰਗ ਦਾ ਆਯੋਜਨ ਕਰਦੇ ਸੀ।

### 1960 ਦਾ ਦਹਾਕਾ - ਭਾਈਚਾਰੇ ਨਾਲ ਸਬੰਧ ਮਜ਼ਬੂਤ ਬਣਾਉਣੇ

ਦੱਸ ਸਾਲ ਬਾਅਦ, 1962 ਵਿੱਚ ਹਾਲ ਹੀ ਵਿੱਚ ਆਏ ਇਟਲੀ ਦੇ ਪ੍ਰਵਾਸੀਆਂ ਦੀ ਅਜਿਹੀਆਂ ਪੇਸ਼ੇਵਰ ਯੋਗਤਾਵਾਂ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ COSTI ਦੀ ਸਥਾਪਨਾ ਕੀਤੀ ਗਈ ਜੋ ਕੈਨੇਡਾ ਵਿੱਚ ਉਹਨਾਂ ਦੇ ਵਪਾਰ ਲਈ ਲੋੜੀਂਦੀਆਂ ਸਨ। ਕੰਮਕਾਜ ਦੇ ਸ਼ੁਰੂਆਤੀ ਦਿਨਾਂ ਦੌਰਾਨ, COSTI ਦੇ ਪ੍ਰੋਗਰਾਮ ਟੋਰੋਂਟੋ ਵਿੱਚ ਚਰਚ ਦੀ ਬੇਸਮੈਂਟ ਵਿੱਚ ਹੁੰਦੇ ਸਨ, ਆਖਰ ਵਿੱਚ ਇਹ ਇੱਥੋਂ ਬਦਲ ਕੇ 136 ਬੇਵਰਲੀ ਸਟ੍ਰੀਟ ਵਿਖੇ ਇੱਕ ਪੁਰਾਣੇ ਅਣਵਰਤੇ ਘਰ ਵਿੱਚ ਚਲੀ ਗਈ।

ਪ੍ਰਵਾਸੀਆਂ ਨੂੰ ਅੰਗਰੇਜ਼ੀ-ਭਾਸ਼ਾ ਦੇ ਲਾਇਸੈਂਸਿੰਗ ਇਮਤਿਹਾਨਾਂ, ਜੋ ਕਿ ਕੈਨੇਡਾ ਵਿੱਚ ਕੰਮ ਕਰਨ ਲਈ ਪਾਸ ਕਰਨੇ ਜ਼ਰੂਰੀ ਹੁੰਦੇ ਸਨ, ਲਈ ਤਿਆਰ ਕਰਨ ਵਾਸਤੇ COSTI ਦੇ ਕਰਮਚਾਰੀਆਂ ਨੇ ਅੰਗਰੇਜ਼ੀ ਭਾਸ਼ਾ ਦੇ ਸਿੱਖਿਆ ਪ੍ਰੋਗਰਾਮਾਂ ਦਾ ਆਯੋਜਨ ਕੀਤਾ। ਜਿਵੇਂ ਜਿਵੇਂ ਕਲਾਇੰਟਾਂ ਦੀ ਗਿਣਤੀ ਵਿੱਚ ਵਾਧਾ ਹੋਇਆ, ਇਸ ਲਈ ਨਾ ਸਿਰਫ ਵਿਵਸਾਇਕ ਕਾਉਂਸਲਿੰਗ ਦੀ, ਬਲਕਿ ਇਸ ਦੇ ਨਾਲ-ਨਾਲ ਆਮ ਅਤੇ ਪਰਿਵਾਰਕ ਕਾਉਂਸਲਿੰਗ ਦੀ ਲੋੜ ਵੀ ਸਮਝੀ ਗਈ।

COSTI ਵਿਖੇ ਪੇਸ਼ ਕੀਤੇ ਜਾਂਦੇ ਪ੍ਰੋਗਰਾਮ ਛੇਤੀ ਹੀ ਇਸ ਦੀਆਂ ਸਹੂਲਤਾਂ ਤੋਂ ਜ਼ਿਆਦਾ ਵੱਧ ਗਏ, ਅਤੇ ਸੰਸਥਾ ਨੇ ਇਲਾਕੇ ਦੇ ਵੱਖ-ਵੱਖ ਤਕਨੀਕੀ ਸਿੱਖਿਆ ਕੇਂਦਰਾਂ ਨਾਲ ਸਹਿਯੋਗ ਕਰਨਾ ਸ਼ੁਰੂ ਕਰ ਦਿੱਤਾ। 1966 ਵਿੱਚ, Workers' Compensation Board (ਜੋ ਹੁਣ Workplace Safety and Insurance Board ਵੱਜੋਂ ਜਾਣਿਆ ਜਾਂਦਾ ਹੈ) ਨੇ ਜ਼ਖਮੀ ਕਰਮਚਾਰੀਆਂ ਦੇ ਮੁੜਵਸੇਬੇ ਲਈ ਪ੍ਰੋਗਰਾਮ ਸ਼ੁਰੂ ਕਰਨ ਵਾਸਤੇ COSTI ਨਾਲ ਸੰਪਰਕ ਕੀਤਾ। ਇਹ ਪ੍ਰੋਗਰਾਮ ਵਿਆਪਕ ਤੌਰ 'ਤੇ ਅੱਗੇ ਵਧਿਆ, ਜਿਸ ਨੇ ਸਾਲਾਂ ਦੌਰਾਨ ਅਣਗਿਣਤ ਜ਼ਖਮੀ ਕਰਮਚਾਰੀਆਂ ਦੀਆਂ ਜ਼ਿੰਦਗੀ ਉੱਤੇ ਅਸਰ ਪਾਇਆ।

## 1960 ਦਾ ਦਹਾਕਾ: ਜਾਰੀ

1960 ਦੇ ਆਖਰ ਤੱਕ, ਏਜੰਸੀ ਨੇ ਸਮੁੱਚੇ ਟੋਰੋਂਟੋ, ਹੈਮਿਲਟਨ, ਅਤੇ ਨੌਰਥ ਯੌਰਕ ਦੇ ਉਪਨਗਰ ਇਲਾਕੇ ਵਿੱਚ ਕਾਉਂਸਲਿੰਗ ਦਫ਼ਤਰ ਖੋਲ ਲਏ। ਲਗਭਗ ਇਹੀ ਸਮਾਂ ਸੀ ਜਦੋਂ COSTI United Way ਦੀ ਮੈਂਬਰ ਏਜੰਸੀ ਬਣ ਗਈ, ਅਤੇ ਇਸ ਨੇ ਇਟਲੀ ਤੋਂ ਇਲਾਵਾ ਹੋਰਨਾਂ ਦੇਸ਼ਾਂ ਤੋਂ ਆਉਣ ਵਾਲੇ ਪ੍ਰਵਾਸੀਆਂ ਲਈ ਵੀ ਆਪਣੀਆਂ ਸੇਵਾਵਾਂ ਦਾ ਵਿਸਤਾਰ ਕਰਨਾ ਸ਼ੁਰੂ ਕਰ ਦਿੱਤਾ।

## 1970 ਦਾ ਦਹਾਕਾ: ਬਹੁ-ਸੱਭਿਆਚਾਰਵਾਦ

1970 ਦੇ ਦਹਾਕੇ ਦੌਰਾਨ, COSTI ਨੇ ਇੱਕ ਵਾਰ ਫੇਰ ਤੋਂ ਆਪਣੀਆਂ ਸੇਵਾਵਾਂ ਦਾ ਵਿਸਤਾਰ ਕੀਤਾ ਅਤੇ ਕੈਨੇਡਾ ਆਉਣ ਵਾਲੇ ਸ਼ਰਣਾਰਥੀਆਂ ਲਈ ਸਹਾਇਤਾ ਨੂੰ ਆਪਣੇ ਕੰਮ ਵਿੱਚ ਸ਼ਾਮਲ ਕੀਤਾ। ਵੀਅਤਨਾਮ ਦੇ ਬਹੁਤੇ "ਕਿਸ਼ਤੀ ਵਾਲੇ ਲੋਕਾਂ" ਦੀ ਸਿੱਖਿਆ ਦੇ ਅਸਲ ਪੱਧਰ ਦੀ ਪੁਸ਼ਟੀ ਕਰਨ ਦੀ ਉਹਨਾਂ ਦੀ ਬਹੁਤ ਜ਼ਰੂਰੀ ਲੋੜ ਨੂੰ ਪਛਾਣਦੇ ਹੋਏ COSTI ਨੇ ਜਾਰਜ ਬ੍ਰਾਊਨ ਕਾਲਜ ਨਾਲ ਮਿਲ ਕੇ ਇੱਕ ਇਮਤਿਹਾਨ ਅਤੇ ਪ੍ਰਮਾਣੀਕਰਨ ਦੀ ਪ੍ਰਕਿਰਿਆ ਵਿਕਸਿਤ ਕੀਤੀ, ਜੋ ਕੈਨੇਡਾ ਵਿੱਚ ਆਪਣੀ ਕਿਸਮ ਦਾ ਪਹਿਲਾ ਪ੍ਰੋਗਰਾਮ ਸੀ।

## 1980 ਦਾ ਦਹਾਕਾ: ਸਾਂਝਾ ਸੁਪਨਾ

IIAS ਅਤੇ COSTI ਦੇ ਟੀਚਿਆਂ ਅਤੇ ਕੰਮ ਦੀ ਸਮਾਨਤਾ ਨੂੰ ਸਵੀਕਾਰ ਕਰਦਿਆਂ, ਦੋ ਏਜੰਸੀਆਂ ਦਾ ਏਕੀਕਰਨ ਕਰਨ ਲਈ 1980 ਵਿੱਚ ਗੱਲਬਾਤ ਸ਼ੁਰੂ ਕੀਤੀ ਗਈ ਸੀ। 24 ਜਨਵਰੀ, 1981 ਨੂੰ, ਇਹ ਟੀਚਾ ਪ੍ਰਾਪਤ ਕਰ ਲਿਆ ਗਿਆ ਅਤੇ ਦੋਨੋ ਸੰਸਥਾਂਵਾਂ COSTI-IIAS Immigrant Services ਦੇ ਅਧਿਕਾਰਤ ਨਾਮ ਹੇਠ ਇੱਕ ਦੂਜੇ ਵਿੱਚ ਸ਼ਾਮਲ ਹੋ ਗਈਆਂ।

## 1990 ਦਾ ਦਹਾਕਾ: ਰੁਕਾਵਟਾਂ ਖਤਮ ਕਰਨੀਆਂ

1990 ਦੇ ਦਹਾਕੇ ਦੌਰਾਨ COSTI ਨੇ ਵਾਧੇ ਅਤੇ ਵਿਕਾਸ ਦਾ ਸ਼ਾਨਦਾਰ ਸਮਾਂ ਦੇਖਿਆ। ਅੰਤਰਰਾਸ਼ਟਰੀ ਪੱਧਰ 'ਤੇ ਸਿਖਲਾਈ ਪ੍ਰਾਪਤ ਪੇਸ਼ਾਵਰਾਂ ਦੀਆਂ ਲੋੜਾਂ ਨਾਲ ਨਜਿੱਠਣ 'ਤੇ ਧਿਆਨ ਕੇਂਦਰਤ ਕਰਕੇ ਅਤੇ ਸੇਵਾ ਪ੍ਰਦਾਨਗੀ ਦੇ ਅਜਿਹੇ ਵਿਲੱਖਣ ਨਮੂਨੇ ਵਿਕਸਿਤ ਕਰ ਕੇ, ਜੋ ਕੈਨੇਡਾ ਵਿੱਚ ਪਹੁੰਚ ਰਹੇ ਅੰਤਰਰਾਸ਼ਟਰੀ ਤੌਰ 'ਤੇ ਕੰਮ ਦਾ ਤਜਰਬਾ ਰੱਖਣ ਵਾਲੇ ਲੋਕਾਂ ਦੀਆਂ ਲੋੜਾਂ ਨੂੰ ਨਜਿੱਠਦੇ ਸਨ, COSTI ਨੇ ਭਾਈਚਾਰੇ ਵਿੱਚ ਅਗਵਾਈ ਮੁਹੱਈਆ ਕੀਤੀ। ਅੰਤਰਰਾਸ਼ਟਰੀ ਪੱਧਰ 'ਤੇ ਸਿਖਲਾਈ ਪ੍ਰਾਪਤ ਪੇਸ਼ਾਵਰਾਂ ਲਈ COSTI ਦੇ 1997 ਵਿੱਚ ਸਥਾਪਤ ਅਤੇ ਆਪਣੀ ਤਰ੍ਹਾਂ ਦਾ ਪਹਿਲੇ ਕੇਂਦਰ, Centre for Internationally Trained Professionals ਨੇ ਪੇਸ਼ਾਵਰਾਂ ਨੂੰ ਕੰਮ ਵਾਲੀ ਥਾਂ ਵਿੱਚ ਉਹਨਾਂ ਦੀ ਮਹਾਰਤ ਦੇ ਖੇਤਰ ਵਿੱਚ ਬੇਹਦ ਵਿਹਾਰਕ ਤਜਰਬਾ ਮੁਹੱਈਆ ਕੀਤਾ।

## 2000 ਦਾ ਦਹਾਕਾ - COSTI ਅਤੇ ਭਾਈਚਾਰਾ

2000 ਦੇ ਦਹਾਕੇ ਦੌਰਾਨ COSTI ਦਾ ਭਾਈਚਾਰੇ ਨਾਲ ਸਹਿਯੋਗ ਅਤੇ ਭਾਈਵਾਲੀ ਕਾਫੀ ਜ਼ਿਆਦਾ ਵਾਧਾ ਹੋਇਆ। 2001 ਵਿੱਚ ਸੰਸਥਾ ਨੇ ਪਹਿਲੀ African Canadian Council ਦੀ ਮੇਜ਼ਬਾਨੀ ਅਤੇ ਆਯੋਜਨ ਕੀਤਾ ਅਤੇ ਅਫ਼ਰੀਕੀ ਲੋਕਾਂ ਨੂੰ ਸੇਵਾ ਦੇਣ ਵਾਲੀਆਂ 51 ਸੰਸਥਾਂਵਾਂ ਅਤੇ ਭਾਈਚਾਰਕ ਮੈਂਬਰਾਂ ਨੂੰ ਵੱਧ-ਫੁੱਲ ਰਹੇ ਭਾਈਚਾਰੇ ਲਈ ਸੇਵਾਵਾਂ ਦੀ ਯੋਜਨਾ ਅਤੇ ਜ਼ਿਆਦਾ ਤਾਲਮੇਲ ਦੀ ਲੋੜ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਇੱਕ ਕਾਨਫਰੰਸ ਵਿੱਚ ਇਕੱਠਾ ਕੀਤਾ। ਕਾਨਰਫੰਸ ਦੇ ਨਤੀਜੇ ਵੱਜੋਂ African Canadian Social Development Council ਬਣੀ, ਜਿਸ ਦਾ ਉਦੇਸ਼ ਸੇਵਾਵਾਂ ਦਾ ਤਾਲਮੇਲ ਕਰਨਾ, ਸਿਖਲਾਈ ਮੁਹੱਈਆ ਕਰਨੀ ਅਤੇ ਜ਼ਿਆਦਾ ਪ੍ਰਤਿਕ੍ਰਿਆਵਾਦੀ ਜਨਤਕ ਨੀਤੀ ਦੀ ਵਕਾਲਤ ਕਰਨਾ ਸੀ। COSTI ਨੇ ਇਸ ਦੇ ਟਰੱਸਟੀ ਵੱਜੋਂ ਭੂਮਿਕਾ ਨਿਭਾਈ।

2007 ਵਿੱਚ ਚਾਰ ਹੋਰਨਾਂ ਭਾਈਵਾਲ ਸੰਗਠਨਾਂ ਨਾਲ, Welcome Centre Immigrant Services ਪਾਰਟਨਰਸ਼ਿਪ ਮਾਡਲ ਬਣਾਇਆ ਗਿਆ। ਵੌਹਨ ਵਿੱਚ COSTI ਪਹਿਲੇ ਕੇਂਦਰ ਦੀ ਮੁੱਖੀ ਸੀ। ਇਕ ਸਾਲ ਬਾਅਦ ਚਾਰ ਹੋਰਨਾਂ ਥਾਂਵਾਂ ਦੀ ਸ਼ੁਰੂਆਤ ਕੀਤੀ ਗਈ, ਜਿਸ ਵਿੱਚ ਹਰੇਕ ਦੀ ਅਗਵਾਈ ਚਾਰ ਹੋਰਨਾਂ ਭਾਈਵਾਲਾਂ ਵਿੱਚੋਂ ਕਿਸੇ ਇੱਕ ਵੱਲੋਂ ਕੀਤੀ ਗਈ। York Region, Welcome Centre Immigrant Services Centres ਵਿੱਚ ਵਨ-ਸਟਾਪ ਸੇਵਾ ਨਵੇਂ ਆਉਣ ਵਾਲੇ ਵਿਅਕਤੀਆਂ ਦੀਆਂ ਵਸਣ ਸਬੰਧੀ ਲੋੜਾਂ ਨੂੰ ਸਿੱਧੇ ਤੌਰ 'ਤੇ ਨਜਿੱਠਣ ਲਈ ਤਿਆਰ ਕੀਤੀ ਗਈ। ਪੁਰਤਗਾਲੀ ਬੋਲਣ ਵਾਲਿਆਂ ਅਤੇ ਸਪੈਨਿਸ਼ ਬੋਲਣ ਵਾਲੇ ਭਾਈਚਾਰਿਆਂ ਵਿੱਚ ਵਿਅਕਤੀਗਤ ਅਤੇ ਗਰੁੱਪ ਕਾਉਂਸਲਿੰਗ ਲਈ ਵਧਦੀਆਂ ਲੋੜਾਂ ਨੂੰ ਪਛਾਣਦੇ ਹੋਏ, COSTI ਨੇ 2008 ਵਿੱਚ ਇਹਨਾਂ ਭਾਈਚਾਰਿਆਂ ਲਈ ਪਰਿਵਾਰਕ ਅਤੇ ਮਾਨਸਿਕ ਸਿਹਤ ਸੇਵਾਵਾਂ ਦਾ ਵਿਸਤਾਰ ਕੀਤਾ।

## ਮੌਜੂਦਾ ਸਥਿਤੀ - ਜੁੜਾਵ ਨੂੰ ਵਧਾਉਣਾ

COSTI ਇਮੀਗ੍ਰੇਸ਼ਨ ਸਰਵਿਸਿਜ਼ ਵੱਜੋਂ ਜਾਣੀ ਜਾਂਦੀ ਇਸ ਸੰਸਥਾ ਦਾ ਹੁਣ ਇਸ ਹੱਦ ਤੱਕ ਵਿਸਤਾਰ ਹੋ ਗਿਆ ਹੈ ਕਿ ਇਹ ਦੁਨੀਆਂ ਦੇ ਹਰੇਕ ਕੋਨੇ ਤੋਂ ਆਏ 39,000 ਤੋਂ ਵੀ ਵੱਧ ਲੋਕਾਂ ਦੀ ਸਹਾਇਤਾ ਕਰਦੀ ਹੈ। ਹਾਲਾਂਕਿ ਇਸ ਦਾ ਪ੍ਰਮੁੱਖ ਟੀਚੇ ਵਾਲਾ ਗਰੁੱਪ ਲਗਾਤਾਰ ਹਾਲ ਹੀ ਵਿੱਚ ਪਹੁੰਚੇ ਪ੍ਰਵਾਸੀ ਰਹੇ ਹਨ, ਪਰ COSTI ਦੇ ਪ੍ਰੋਗਰਾਮਾਂ ਨੂੰ ਸਾਰੇ ਵਾਂਝੇ ਬਾਲਗਾਂ, ਨੌਜਵਾਨ ਵਿਅਕਤੀਆਂ ਅਤੇ ਔਰਤਾਂ ਲਈ ਸੇਵਾਵਾਂ ਪੇਸ਼ ਕਰਨ ਲਈ ਵਧਾਇਆ ਗਿਆ ਹੈ।

ਆਪਣੇ 400 ਤੋਂ ਵੀ ਜ਼ਿਆਦਾ ਸਟਾਫ, ਜੋ ਸੰਯੁਕਤ ਰੂਪ ਵਿੱਚ 60 ਤੋਂ ਵੀ ਜ਼ਿਆਦਾ ਭਾਸ਼ਾਵਾਂ ਵਿੱਚ ਮਾਹਰ ਹੈ, ਨਾਲ COSTI ਸਕਾਰਾਤਮਕ ਤਬਦੀਲੀ ਲਿਆਉਣ ਲਈ ਵੱਖ-ਵੱਖ ਭਾਈਚਾਰਿਆਂ ਤੱਕ ਪਹੁੰਚ ਕਰ ਸਕਦੀ ਹੈ।

COSTI ਦਾ ਭਾਈਚਾਰੇ ਨਾਲ ਸਹਿਯੋਗ ਅਤੇ ਭਾਈਵਾਲੀਆਂ ਅਜਿਹੇ ਸੂਬੇ ਵਿਆਪੀ ਪ੍ਰੋਗਰਾਮਾਂ ਦੀ ਸਥਾਪਨਾ ਨਾਲ ਜਾਰੀ ਹਨ, ਜਿਵੇਂ Orientation to Ontario Program ਜੋ ਕਿ 2011 ਵਿੱਚ ਕਾਇਮ ਕੀਤਾ ਗਿਆ, ਔਰਤਾਂ ਦੇ ਦੁਰਵਿਵਹਾਰ ਦੇ ਸੰਕੇਤਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ International Student Connect ਅਤੇ Neighbours, Friends and Families ਦੇ ਜਨਤਕ ਸਿੱਖਿਆ ਦੇ ਪ੍ਰੋਗਰਾਮ।

COSTI ਯੋਜਨਾ, ਵਿਕਾਸ ਅਤੇ ਸੇਵਾਵਾਂ ਦੀ ਪ੍ਰਦਾਨਗੀ ਵਿੱਚ ਗਾਹਕ-ਕੇਂਦਰਤ, ਅਤਿ-ਸਰਗਰਮ, ਅਤੇ ਨਵੀਂ ਕਾਢ ਦੇ ਰਵੱਈਏ ਦੀ ਵਰਤੋਂ ਕਰਦੇ ਹੋਏ ਲਗਾਤਾਰ ਭਾਈਚਾਰਕ ਸੇਵਾ ਵਿੱਚ ਆਗੂ ਬਣਨ ਦੀ ਕੋਸ਼ਿਸ਼ ਕਰਦੀ ਹੈ। ਇਸ ਦੇ ਪ੍ਰੋਗਰਾਮ ਇਹ ਯਕੀਨੀ ਬਣਾਉਂਦੇ ਹਨ ਕਿ ਭਾਸ਼ਾਈ ਜਾਂ ਸਭਿਆਚਾਰਕ ਰੁਕਾਵਟਾਂ ਵੱਲ ਧਿਆਨ ਦਿੱਤੇ ਬਿਨਾਂ, ਕੈਨੇਡਾ ਪਹੁੰਚਣ ਵਾਲੇ ਲੋਕ, ਆਪਣੇ ਮੌਜੂਦਾ ਹੁਨਰਾਂ ਦੀ ਵਰਤੋਂ ਕਰ ਸਕਣ ਅਤੇ ਨਵੇਂ ਹੁਨਰ ਸਿੱਖ ਸਕਣ ਅਤੇ ਕੈਨੇਡੀਅਨ ਜ਼ਿੰਦਗੀ ਦੇ ਸਾਰੇ ਪੱਖਾਂ ਵਿੱਚ ਸਰਗਰਮੀ ਨਾਲ ਸ਼ਾਮਲ ਹੋ ਸਕਣ।

## ਸ਼ਰਣਾਰਥੀਆਂ ਨਾਲ ਸਾਡਾ ਕੰਮ ਅਤੇ ਸੀਰੀਆ ਦੇ ਸ਼ਰਣਾਰਥੀ ਸੰਕਟ ਬਾਰੇ ਕੈਨੇਡਾ ਦੀ ਪ੍ਰਤਿਕਿਰਿਆ

ਇੱਕ ਅਜਿਹੀ ਸੰਸਥਾ ਦੇ ਵੱਜੋਂ, ਜੋ ਪ੍ਰਵਾਸੀਆਂ, ਸ਼ਰਨਾਰਥੀਆਂ ਅਤੇ ਉਹਨਾਂ ਦੇ ਰਹਿਣ ਵਾਲੇ ਭਾਈਚਾਰਿਆਂ ਨੂੰ ਸੇਵਾਵਾਂ ਮੁਹੱਈਆ ਕਰਦੀ ਹੈ, COSTI ਕੈਨੇਡਾ ਵਿੱਚ ਸੀਰੀਆਈ ਸ਼ਰਨਾਰਥੀਆਂ ਦੀ ਵੱਡੀ ਸੰਖਿਆ ਦੇ ਆਉਣ 'ਤੇ ਲੋੜੀਂਦੀ ਜਵਾਬੀ ਕਾਰਵਾਈ ਵਿੱਚ ਗਹਿਰੇ ਰੂਪ ਵਿੱਚ ਸ਼ਾਮਲ ਸੀ, ਖਾਸ ਤੌਰ 'ਤੇ ਗ੍ਰੇਟਰ ਟੋਰੋਂਟੋ ਖੇਤਰ ਵਿੱਚ, ਅਤੇ ਇਸਨੇ 2016 ਤੋਂ ਬਾਅਦ 2200 ਤੋਂ ਵੀ ਵੱਧ ਸੀਰੀਆਈ ਸ਼ਰਨਾਰਥੀਆਂ ਦੀ ਕੈਨੇਡਾ ਨੂੰ ਆਪਣਾ ਘਰ ਬਣਾਉਣ ਵਿੱਚ ਮਦਦ ਕੀਤੀ। ਹਰੇਕ ਉਸ ਵਿਅਕਤੀ ਦੀ ਤਰ੍ਹਾਂ ਜੋ ਕੈਨੇਡਾ ਵਿੱਚ ਰਹਿਣ ਦੀ ਚੋਣ ਕਰਦਾ ਹੈ, ਅਸੀਂ ਇਹ ਯਕੀਨੀ ਬਣਾਉਣ ਲਈ ਸਖਤ ਮਿਹਨਤ ਕਰਦੇ ਹਾਂ ਕਿ ਕੈਨੇਡਾ ਦੇ ਨਵੇਂ ਸ਼ਹਿਰੀ ਆਪਣੇ ਭਾਈਚਾਰਿਆਂ ਨਾਲ ਜੁੜਨ ਅਤੇ ਸਫਲਤਾ ਹਾਸਲ ਕਰਨ।

ਅੱਜ COSTI ਸਰਕਾਰੀ-ਸਹਾਇਤਾ ਪ੍ਰਾਪਤ ਸ਼ਰਣਾਰਥੀਆਂ, ਨਿੱਜੀ ਤੌਰ 'ਤੇ ਪ੍ਰਾਯੋਜਿਤ ਸ਼ਰਣਾਰਥੀਆਂ ਅਤੇ ਸ਼ਰਣ ਲਈ ਦਾਅਵੇਦਾਰਾਂ ਨਾਲ ਕੰਮ ਕਰਨਾ ਜਾਰੀ ਰੱਖ ਰਹੀ ਹੈ, ਅਤੇ ਇਹ ਯਕੀਨੀ ਬਣਾਉਂਦੀ ਹੈ ਕਿ ਮੁਹੱਈਆ ਕੀਤੀ ਸਹਾਇਤਾ ਅਤੇ ਸੇਵਾਵਾਂ ਸਥਾਨਕ ਭਾਈਚਾਰੇ ਅਤੇ ਨਵੇਂ ਦੇਸ਼ ਵਿੱਚ ਉਹਨਾਂ ਦੇ ਜੁੜਾਵ ਨੂੰ ਜ਼ਿਆਦਾ ਤੇਜ਼ੀ ਨਾਲ ਵਧਾਉਣ।